GONAL-*f*®
(Follitropin alpha injection, rDNA origin)
Pen

# GONAL-*f* ® ਪੈੱਨ ਲਈ ਮਰੀਜ਼ ਵਾਸਤੇ ਹਿਦਾਇਤਾਂ




| | |
|---|---|
| GONAL-*f* ® ਪੈੱਨ ਇਹਨਾਂ ਵਿੱਚ ਉਪਲਬਧ: | 300 IU/0.5 ਮਿਲੀਲੀਟਰ (22 µg/0.5 ਮਿਲੀਲੀਟਰ) |
| | 450 IU/0.75 ਮਿਲੀਲੀਟਰ (33 µg/0.75 ਮਿਲੀਲੀਟਰ) |
| | 900 IU/1.5 ਮਿਲੀਲੀਟਰ (66 µg/1.5 ਮਿਲੀਲੀਟਰ) |

EMD SERONO

## **ਕਦਮ 1**: ਆਪਣੇ GONAL-*f* ® ਪੈੱਨ ਦੀ ਵਰਤੋਂ ਸ਼ੁਰੂ ਕਰਨ ਤੋਂ ਪਹਿਲਾਂ




*ਚਿਤਾਵਨੀ: ਪੈੱਨ ਨੂੰ ਨਾ ਹਿਲਾਓ, ਕਿਉਂਕਿ ਇਸ ਕਾਰਨ ਦਵਾਈ ਵਿੱਚ ਹਵਾ ਦੇ ਬੁਲਬੁਲੇ ਨਜ਼ਰ ਆ ਸਕਦੇ ਹਨ।*




*ਮਹੱਤਵਪੂਰਨ: ਪੈੱਨ ਲੇਬਲ 'ਤੇ **ਮਿਆਦ ਮੁੱਕ ਜਾਣ ਦੀ ਮਿਤੀ** ਦੀ ਪੁਸ਼ਟੀ ਕਰੋ। ਮਿਆਦ ਮੁੱਕ ਚੁੱਕੀ ਦਵਾਈ ਦੀ ਵਰਤੋਂ ਨਾ ਕਰੋ।*


- ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ। ਜਿੱਥੋਂ ਤੱਕ ਸੰਭਵ ਹੋਵੇ ਆਪਣੇ ਹੱਥਾਂ ਅਤੇ ਉਨ੍ਹਾਂ ਚੀਜ਼ਾਂ ਨੂੰ ਸਾਫ਼ ਰੱਖਣਾ ਜ਼ਰੂਰੀ ਹੈ ਜਿਨ੍ਹਾਂ ਦੀ ਤੁਸੀਂ ਵਰਤੋਂ ਕਰਦੇ ਹੋ।
- ਕਾਰਟਨ (ਗੱਤੇ ਦਾ ਡੱਬਾ) ਵਰਤਣ ਤੋਂ ਪਹਿਲਾਂ ਇਸ ਨੂੰ ਕਮਰੇ ਦੇ ਤਾਪਮਾਨ ਤੱਕ ਗਰਮ ਕਰਨ ਲਈ ਘੱਟੋ ਘੱਟ 30 ਮਿੰਟ ਪਹਿਲਾਂ ਫਰਿੱਜ ਵਿੱਚੋਂ ਬਾਹਰ ਕੱਢੋ ਪੈੱਨ ਨੂੰ ਗਰਮ ਕਰਨ ਲਈ ਮਾਈਕ੍ਰੋਵੇਵ ਜਾਂ ਕਿਸੇ ਦੂਜੇ ਹੀਟਿੰਗ ਐਲੀਮੈਂਟ (ਤੱਤ) ਦੀ ਵਰਤੋਂ ਨਾ ਕਰੋ।
- ਇੱਕ ਸਾਫ਼ ਸਤਹ 'ਤੇ, ਉਦਾਹਰਨ ਦੇ ਤੌਰ 'ਤੇ, ਸਾਫ਼ ਮੇਜ਼ ਜਾਂ ਰਸੋਈ ਦੀ ਸਤਹ 'ਤੇ, ਉਸ ਹਰ ਇੱਕ ਚੀਜ਼ ਨੂੰ ਰੱਖੋ ਜਿਸ ਦੀ ਤੁਹਾਨੂੰ ਲੋੜ ਪਵੇਗੀ:

1. GONAL-*f* ® ਪੈੱਨ
2. ਇੱਕ ਬਦਲਣਯੋਗ ਟੀਕੇ ਵਾਲੀ ਸੂਈ (1/2 ਇੰਚ 29 ਗੇਜ) [GONAL-*f* ® ਪੈੱਨ ਬਕਸੇ ਨਾਲ ਦਿੱਤੀਆਂ ਇੱਕ ਵਾਰੀ ਵਰਤ ਕੇ ਸੁੱਟਣ ਯੋਗ ਸੂਈਆਂ]
3. ਅਲਕੋਹਲ ਦੇ ਫੰਬੇ
4. ਸ਼ਾਰਪਸ ਡਿਸਪੋਜ਼ਲ ਕੰਟੇਨਰ (ਤਿੱਖੀਆਂ ਚੀਜ਼ਾਂ ਦੇ ਨਿਪਟਾਰੇ ਦਾ ਡੱਬਾ) (ਨਹੀਂ ਦਿਖਾਇਆ ਗਿਆ ਹੈ)

## **ਕਦਮ 2**: ਟੀਕੇ ਲਈ ਆਪਣੇ GONAL-*f* ® ਪੈੱਨ ਨੂੰ ਤਿਆਰ ਕਰਨਾ



- ਪੈੱਨ ਦੇ ਢੱਕਣ ਨੂੰ ਖੋਲ੍ਹੋ।
- ਅਲਕੋਹਲ ਦੇ ਫੰਬੇ ਦੀ ਵਰਤੋਂ ਕਰਦੇ ਹੋਏ ਚੂੜੀਦਾਰ ਨੋਕ (ਜਿਸ ਵਿੱਚ ਰਬੜ ਸੈਂਟਰ ਹੈ) ਨੂੰ ਸਾਫ਼ ਕਰੋ।



- ਰੈੱਜ਼ਰਵੌਇਰ ਹੋਲਡਰ ਨੂੰ ਧਿਆਨ ਨਾਲ ਦੇਖੋ। ਇਹ ਜਾਂਚ ਕਰੋ ਕਿ ਰੈੱਜ਼ਰਵੌਇਰ ਹੋਲਡਰ ਨੂੰ ਤ੍ਰੇੜ ਨਾ ਆਈ ਹੋਵੇ ਅਤੇ ਘੋਲ ਸਾਫ਼ ਹੋਵੇ ਅਤੇ ਇਸ ਵਿੱਚ ਕੋਈ ਵੀ ਕਣ ਨਾ ਹੋਣ। ਜੇਕਰ ਰੈੱਜ਼ਰਵੌਇਰ ਦੇ ਹੋਲਡਰ ਨੂੰ ਤ੍ਰੇੜ ਆਈ ਹੋਵੇ ਜਾਂ ਜੇਕਰ ਘੋਲ ਦਾ ਰੰਗ ਬਦਲਿਆ ਹੋਵੇ ਜਾਂ ਬੱਦਲਵਾਈ ਵਰਗਾ ਹੋਵੇ, ਤਾਂ ਇੱਕ ਨਵਾਂ ਪੈੱਨ ਲਓ।





- ਪੁਸ਼ਟੀ ਕਰੋ ਕਿ ਡੋਜ਼ ਡਿਸਪਲੇਅ ਨੂੰ “0” 'ਤੇ ਸੈੱਟ ਕੀਤਾ ਗਿਆ ਹੈ।




- ਟੀਕੇ ਦੀ ਇੱਕ ਨਵੀਂ ਸੂਈ ਬਾਹਰ ਕੱਢੋ। ਇੱਕ ਵਾਰ ਫੇਰ, ਸਪਲਾਈ ਕੀਤੀਆਂ “ਇੱਕ-ਵਾਰ ਦੀ ਵਰਤੋਂ” ਵਾਲੀਆਂ ਸੂਈਆਂ ਦੀ ਹੀ ਵਰਤੋਂ ਕਰੋ।
- ਸੂਈ ਦੀ ਬਾਹਰਲੀ ਕੈਪ ਨੂੰ ਚੰਗੀ ਤਰ੍ਹਾਂ ਪਕੜੋ।
- ਇਹ ਜਾਂਚ ਕਰੋ ਕਿ ਸੂਈ ਦੀ ਬਾਹਰਲੀ ਕੈਪ 'ਤੇ ਪੀਲ-ਔਫ਼ ਸੀਲ ਨੁਕਸਾਨੀ ਹੋਈ ਜਾਂ ਢਿੱਲੀ ਨਾ ਹੋਵੇ।
- ਪੀਲ-ਔਫ਼ ਸੀਲ ਨੂੰ ਖੋਲ੍ਹੋ।

*ਸਾਵਧਾਨੀ: ਜੇਕਰ ਪੀਲ-ਔਫ਼ ਸੀਲ ਨੁਕਸਾਨੀ ਹੋਈ ਜਾਂ ਢਿੱਲੀ ਹੋਵੇ, ਤਾਂ ਸੂਈ ਦੀ ਵਰਤੋਂ ਨਾ ਕਰੋ। ਇਸ ਨੂੰ ਸ਼ਾਰਪਸ ਡਿਸਪੋਜ਼ਲ ਕੰਟੇਨਰ ਵਿੱਚ ਸੁੱਟੋ। ਇੱਕ ਨਵੀਂ ਸੂਈ ਲਵੋ।*


# ਕਦਮ 3: ਸੂਈ ਨੂੰ ਜੋੜੋ



- ਪੈੱਨ ਦੀ ਚੂੜੀਦਾਰ ਨੋਕ ਨੂੰ ਸੂਈ ਦੀ ਬਾਹਰਲੀ ਕੈਪ ਵਿੱਚ ਪ੍ਰੈੱਸ ਅਤੇ ਇਸ ਨੂੰ ਘੜੀ ਦੀ ਦਿਸ਼ਾ ਵੱਲ ਉਦੋਂ ਤੱਕ ਘੁੰਮਾਓ ਜਦੋਂ ਤੱਕ ਤੁਸੀਂ ਹਲਕਾ ਜਿਹਾ ਪ੍ਰਤਿਰੋਧ ਮਹਿਸੂਸ ਨਾ ਕਰੋ। ਸੂਈ ਨੂੰ ਬਹੁਤ ਜ਼ਿਆਦਾ ਕੱਸ ਕੇ ਨਾ ਲਗਾਓ, ਨਹੀਂ ਤਾਂ ਇਸ ਨੂੰ ਦੁਬਾਰਾ ਬਾਹਰ ਨਿਕਾਲਣਾ ਮੁਸ਼ਕਿਲ ਹੋ ਸਕਦਾ ਹੈ।



- ਸੂਈ ਦੀ ਬਾਹਰਲੀ ਕੈਪ ਨੂੰ ਸਿੱਧਾ ਖਿੱਚ ਕੇ ਖੋਲ੍ਹੋ।
- ਇਸ ਨੂੰ ਬਾਅਦ ਵਿੱਚ ਵਰਤਣ ਲਈ ਪਾਸੇ ਰੱਖੋ।
- ਸੂਈ ਦੀ ਬਾਹਰਲੀ ਕੈਪ ਨੂੰ ਨਾ ਸੁੱਟੋ; ਤੁਹਾਨੂੰ ਇਸ ਦੀ ਲੋੜ ਪੈੱਨ ਤੋਂ ਸੂਈ ਨੂੰ ਖੋਲ੍ਹਣ ਲਈ ਪਏਗੀ।




- ਸੂਈ ਦੀ ਨੋਕ ਨੂੰ ਉੱਪਰ ਵੱਲ ਕਰਕੇ GONAL-*f*® ਪੈੱਨ ਨੂੰ ਪਕੜੋ।
- ਹਰੀ ਅੰਦਰਲੀ ਸ਼ੀਲਡ ਨੂੰ ਸਿੱਧਾ ਖਿੱਚ ਕੇ ਸਾਵਧਾਨੀ ਨਾਲ ਖੋਲ੍ਹੋ ਅਤੇ ਇਸ ਨੂੰ ਨਸ਼ਟ ਕਰ ਦਿਓ।

*<u>ਚੇਤਾਵਨੀ</u>: ਹਰੀ ਅੰਦਰਲੀ ਸ਼ੀਲਡ ਨਾਲ ਸੂਈ 'ਤੇ ਮੁੜ ਕੈਪ ਨਾ ਚੜਾਓ ਕਿਉਂਕਿ ਇਸ ਨਾਲ ਸੂਈ ਫਸ ਸਕਦੀ ਹੈ।*

**ਜੇਕਰ ਇਹ ਇੱਕ ਬਿਲਕੁਲ ਨਵਾਂ ਪੈੱਨ ਹੈ ਜਿਸ ਦੀ ਵਰਤੋਂ ਤੁਸੀਂ ਪਹਿਲੀ ਵਾਰ ਕਰ ਰਹੇ ਹੋ ਤਾਂ ਤਰਲ ਦੀ ਇੱਕ ਛੋਟੀ ਬੂੰਦ ਲਈ ਸੂਈ ਦੀ ਨੋਕ 'ਤੇ ਬਰੀਕੀ ਨਾਲ ਦੇਖੋ।**

- ਜੇਕਰ ਤੁਸੀਂ ਤਰਲ ਦੀ ਇੱਕ ਛੋਟੀ ਬੂੰਦ (ਬੂੰਦਾਂ) ਨੂੰ ਦੇਖਦੇ ਹੋ, ਤਾਂ ਕਦਮ 4 'ਤੇ ਜਾਓ।
- ਜੇਕਰ ਤੁਸੀਂ ਇੱਕ ਛੋਟੀ ਬੂੰਦ (ਬੂੰਦਾਂ) ਨੂੰ ਨਹੀਂ ਦੇਖਦੇ ਹੋ, ਤਾਂ ਤੁਹਾਨੂੰ ਇਹ ਚੀਜ਼ਾਂ ਕਰਨ ਦੀ ਲੋੜ ਹੈ:




- ਹੌਲੀ ਹੌਲੀ ਡੋਜ਼ ਸੈਟਿੰਗ ਨੋਬ ਨੂੰ ਘੜੀ ਦੀ ਦਿਸ਼ਾ ਵੱਲ ਉਦੋਂ ਤੱਕ ਘੁੰਮਾਓ ਜਦੋਂ ਤੱਕ ਡੋਜ਼ ਡਿਸਪਲੇ 'ਤੇ "25" ਨਾ ਆ ਜਾਏ। ਜੇਕਰ ਡੋਜ਼ ਦੀ ਨੋਬ "25" ਤੋਂ ਅੱਗੇ ਲੰਘ ਜਾਂਦੀ ਹੈ, ਤਾਂ ਡੋਜ਼ ਦੀ ਨੋਬ ਨੂੰ ਪਿੱਛੇ ਵੱਲ ਘੁੰਮਾਓ।
- ਸੂਈ ਦੀ ਨੋਕ ਉੱਪਰ ਵੱਲ ਕਰਕੇ ਪੈੱਨ ਨੂੰ ਪਕੜੋ।

- ਰੈੱਜ਼ਰਵੋਇਰ ਹੋਲਡਰ ਨੂੰ ਹਲਕਾ ਜਿਹਾ ਠੇਲਾ ਮਾਰੋ।
- ਡੋਜ਼ ਸੈਟਿੰਗ ਨੋਬ ਨੂੰ ਹੇਠਾਂ ਵੱਲ ਓਨਾ ਕੁ ਧਕੇਲੋ ਜਿੰਨਾ ਕੁ ਇਹ ਧੱਕੀ ਜਾ ਸਕਦੀ ਹੈ। ਸੂਈ ਦੀ ਨੋਕ 'ਤੇ ਤਰਲ ਦੀ ਇੱਕ ਛੋਟੀ ਜਿਹੀ ਬੂੰਦ ਨਜ਼ਰ ਆਏਗੀ। ਸੂਈ ਦੀ ਨੋਕ 'ਤੇ ਨਜ਼ਰ ਆਉਣ ਵਾਲੇ ਤਰਲ ਦੀ ਮਾਤਰਾ ਪੈੱਨ ਵਿੱਚ ਵੱਧ ਭਰੀ ਦਵਾਈ ਦਾ ਹਿੱਸਾ ਹੁੰਦੀ ਹੈ।
- ਜਾਂਚ ਕਰੋ ਕਿ ਡੋਜ਼ ਡਿਸਪਲੇਅ "0" 'ਤੇ ਹੈ।

ਤੁਹਾਨੂੰ ਇਹ ਕਦਮ (ਸਟੈਪ) ਦੁਹਰਾਉਣ ਦੀ ਲੋੜ ਪੈ ਸਕਦੀ ਹੈ ਜੇਕਰ ਤੁਹਾਨੂੰ ਸੂਈ ਦੀ ਨੋਕ 'ਤੇ ਤਰਲ ਦੀ ਇੱਕ ਛੋਟੀ ਜਿਹੀ ਬੂੰਦ ਦਿਖਾਈ ਨਾ ਦੇਵੇ।

ਜਦੋਂ ਤੁਹਾਨੂੰ ਸੂਈ ਦੀ ਨੋਕ 'ਤੇ ਤਰਲ ਦੀ ਛੋਟੀ ਜਿਹੀ ਬੂੰਦ ਦਿਖਾਈ ਦੇਵੇ ਤਾਂ ਕਦਮ 4 "ਆਪਣੀ ਡੋਜ਼ ਦੀ ਸੈਟਿੰਗ ਕਰਨਾ" 'ਤੇ ਜਾਓ।

## ਕਦਮ 4: ਆਪਣੀ ਡੋਜ਼ ਦੀ ਸੈਟਿੰਗ ਕਰਨਾ



- ਡੋਜ਼ ਸੈਟਿੰਗ ਨੌਬ ਅੱਗੇ ਵੱਲ (ਜਾਂ ਕਲੌਕਵਾਈਜ਼) ਉਦੋਂ ਤੱਕ ਘੁੰਮਾਓ ਜਦੋਂ ਤੱਕ ਡੋਜ਼ ਡਿਸਪਲੇ ਵਿੱਚ ਤੁਹਾਡੀ ਤਜਵੀਜ਼ ਕੀਤੀ ਡੋਜ਼ ਨਜ਼ਰ ਨਾ ਆਏ। ਡੋਜ਼ ਸੈਟਿੰਗ ਨੌਬ ਨੂੰ ਨਾ ਧੱਕੋ ਜਾਂ ਨਾ ਖਿੱਚੋ ਜਦੋਂ ਤੁਸੀਂ ਇਸ ਨੂੰ ਘੁੰਮਾਉਂਦੇ ਹੋ।


*<u>ਮਹੱਤਵਪੂਰਨ</u>: ਪੈੱਨ ਨੂੰ ਟੁੱਟਣ ਤੋਂ ਬਚਾਉਣ ਲਈ, ਕੇਵਲ ਡੋਜ਼ ਸੈਟਿੰਗ ਨੌਬ ਦੇ ਸਿਰੇ ਨੂੰ ਘੁੰਮਾਓ।*




- ਜੇਕਰ ਤੁਸੀਂ ਆਪਣੀ ਤਜਵੀਜ਼ ਕੀਤੀ ਡੋਜ਼ ਤੋਂ ਅੱਗੇ ਨੌਬ ਨੂੰ ਘੁੰਮਾ ਦਿੰਦੇ ਹੋ, ਤਾਂ ਡੋਜ਼ ਨੂੰ ਸਹੀ ਕਰਨ ਲਈ ਨੌਬ ਨੂੰ ਪਿੱਛੇ ਵੱਲ (ਜਾਂ ਕਾਊਂਟਰਕਲੌਕਵਾਈਜ਼) ਘੁੰਮਾਓ।

*<u>ਮਹੱਤਵਪੂਰਨ</u>: ਆਪਣੇ ਅਗਲੇ ਕਦਮ 'ਤੇ ਜਾਣ ਤੋਂ ਪਹਿਲਾਂ ਜਾਂਚ ਕਰੋ ਕਿ ਡੋਜ਼ ਦੀ ਡਿਸਪਲੇਅ ਤੁਹਾਡੀ ਤਜਵੀਜ਼ ਕੀਤੀ ਡੋਜ਼ ਨੂੰ ਦਰਸਾਉਂਦੀ ਹੋਵੇ।*

## ਕਦਮ 5: ਡੋਜ਼ ਦਾ ਟੀਕਾ ਲਗਾਉਣਾ



- ਇੰਜੈਕਸ਼ਨ ਸਾਈਟ ਦੇ ਡਾਇਆਗ੍ਰਾਮ (ਰੇਖਾ-ਚਿੱਤਰ) ਦੀ ਵਰਤੋਂ ਕਰਕੇ, ਜਿਵੇਂ ਤੁਹਾਡੇ ਡਾਕਟਰ ਨੇ ਤੁਹਾਨੂੰ ਕਰਨ ਲਈ ਕਿਹਾ ਹੋਵੇ ਟੀਕਾ ਲਗਾਉਣ ਵਾਲੇ ਸਥਾਨ ਦੀ ਚੋਣ ਕਰੋ, ਜਿਵੇਂ ਕਿ ਪੱਟ ਦਾ ਉੱਪਰਲਾ ਹਿੱਸਾ ਜਾਂ ਪੇਟ।
- ਚਮੜੀ 'ਤੇ ਖੁਜਲੀ (ਜਲਣ) ਨੂੰ ਘੱਟ ਕਰਨ ਲਈ ਹਰ ਰੋਜ਼ ਇੱਕ ਵੱਖਰੀ ਥਾਂ ਦੀ ਚੋਣ ਕਰੋ।




- ਅਲਕੋਹਲ ਦੇ ਪੂੰਝੇ ਦੀ ਵਰਤੋਂ ਕਰਕੇ, ਟੀਕੇ ਵਾਲੇ ਸਥਾਨ ਨੂੰ ਸਾਫ਼ ਕਰੋ (ਲਗਭਗ 5 ਸੈਂਟੀਮੀਟਰ x 5 ਸੈਂਟੀਮੀਟਰ)।
- ਅਲਕੋਹਲ ਨੂੰ ਸੁੱਕਣ ਦਿਓ।
- ਅਲਕੋਹਲ ਵਾਲੀ ਰੂੰ (ਪੂੰਝੇ) ਨੂੰ ਪਾਸੇ ਰੱਖੋ।


## **ਕਦਮ 5:** ਡੋਜ਼ ਦਾ ਟੀਕਾ ਲਗਾਉਣਾ (ਜਾਰੀ)




- ਡੋਜ਼ ਡਿਸਪਲੇਅ ਵਿੱਚ ਦਰਸਾਈ ਗਈ ਡੋਜ਼ ਦੀ ਦੁਬਾਰਾ ਜਾਂਚ ਕਰੋ। ਜੇਕਰ ਇਹ ਸਹੀ ਡੋਜ਼ ਨਹੀਂ ਹੈ, ਤਾਂ ਤੁਹਾਨੂੰ ਡੋਜ਼ ਸੈਟਿੰਗ ਨੌਬ ਨੂੰ ਘੜੀ ਦੀ ਸੂਈ ਦੀ ਦਿਸ਼ਾ ਵੱਲ ਜਾਂ ਘੜੀ ਦੀਆਂ ਸੂਈਆਂ ਦੇ ਉਲਟ ਦਿਸ਼ਾ ਵੱਲ (ਕਾਉਂਟਰ ਕਲੌਕਵਾਈਜ਼) ਘੁੰਮਾ ਕੇ ਇਸ ਵਿੱਚ ਵਾਧ-ਘਾਟ ਕਰਨਾ ਜ਼ਰੂਰੀ ਹੈ।



- ਜਿਵੇਂ ਤੁਹਾਡੇ ਡਾਕਟਰ ਜਾਂ ਨਰਸ ਰਾਹੀਂ ਤੁਹਾਨੂੰ ਸਿਖਾਇਆ ਗਿਆ ਸੀ ਉਵੇਂ ਟੀਕਾ ਲਗਾਓ। ਪੈੱਨ ਨੂੰ ਇੱਕ ਹੱਥ ਵਿੱਚ ਪਕੜੋ ਅਤੇ ਟੀਕੇ ਵਾਲੇ ਸਥਾਨ 'ਤੇ ਇੱਕ ਉਭਰਵੀਂ ਥਾਂ ਬਣਾਉਣ ਲਈ ਚਮੜੀ ਨੂੰ ਆਪਣੇ ਦੂਜੇ ਹੱਥ ਨਾਲ ਹਲਕਾ ਜਿਹਾ ਇਕੱਠਾ ਕਰੋ।
- ਚਮੜੀ ਵਿੱਚ ਇੱਕ 90-ਡਿਗਰੀ ਦੇ ਕੋਣ 'ਤੇ ਸੂਈ ਨੂੰ ਦਾਖਲ ਕਰੋ ਅਤੇ ਇੰਜੈਕਸ਼ਨ ਬਟਨ ਨੂੰ ਹੇਠਾਂ ਵੱਲ ਓਨਾ ਦਬਾਓ ਜਿੰਨਾ ਕੁ ਇਹ ਚਲਾ ਜਾਏ ਜੇ ਤੁਸੀਂ 90-ਡਿਗਰੀ ਦੇ ਕੋਣ 'ਤੇ ਟੀਕਾ ਨਹੀਂ ਲਗਾਉਂਦੇ ਤਾਂ ਹੋ ਸਕਦਾ ਹੈ ਸੂਈ ਮੁੜ ਜਾਵੇ




- ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਪੂਰੀ ਡੋਜ਼ ਦਾ ਟੀਕਾ ਲਗਾ ਦਿੱਤਾ ਹੈ ਤੁਹਾਨੂੰ ਘੱਟੋ ਘੱਟ 5 ਸਕਿੰਟ ਲਈ ਟੀਕੇ ਦੇ ਬਟਨ ਨੂੰ ਦਬਾ ਕੇ ਸੂਈ ਨੂੰ ਚਮੜੀ ਵਿੱਚ ਰੱਖਣਾ ਚਾਹੀਦਾ ਹੈ। ਡੋਜ਼ ਜਿੰਨੀ ਵੱਡੀ ਹੁੰਦੀ ਹੈ, ਇਸ ਦਾ ਟੀਕਾ ਲਗਾਉਣ ਵਿੱਚ ਓਨਾ ਹੀ ਵੱਧ ਸਮਾਂ ਲੱਗੇਗਾ। 5 ਸਕਿੰਟ ਦੇ ਬਾਅਦ, ਸੂਈ ਨੂੰ ਆਪਣੀ ਚਮੜੀ ਵਿੱਚੋਂ ਬਾਹਰ ਕੱਢਣ ਵੇਲੇ ਇੰਜੈਕਸ਼ਨ ਦੇ ਬਟਨ ਨੂੰ ਹੇਠਾਂ ਵੱਲ ਦਬਾ ਕੇ ਰੱਖੋ।
- ਡੋਜ਼ ਸੈਟਿੰਗ ਨੌਬ ਨੂੰ ਛੱਡ ਦਿਓ।

*ਮਹੱਤਵਪੂਰਨ: ਡੋਜ਼ ਸੈਟਿੰਗ ਨੌਬ ਨੂੰ ਉਦੋਂ ਤੱਕ ਨਾ ਛੱਡੋ ਜਦੋਂ ਤੱਕ ਤੁਸੀਂ ਆਪਣੀ ਚਮੜੀ ਵਿੱਚੋਂ ਸੂਈ ਨੂੰ ਬਾਹਰ ਨਹੀਂ ਕੱਢ ਲੈਂਦੇ।*



- ਜਦੋਂ ਤੁਸੀਂ ਟੀਕਾ ਲਗਾ ਦਿੰਦੇ ਹੋ, ਟੀਕੇ ਦੇ ਸਥਾਨ ਨੂੰ ਹਲਕਾ ਜਿਹਾ ਸਾਫ਼ ਕਰਨ ਲਈ ਆਪਣੇ ਅਲਕੋਹਲ ਦੇ ਫੰਬੇ ਦੀ ਸਾਫ਼ ਸਾਈਡ ਦੀ ਵਰਤੋਂ ਕਰੋ। ਜੇਕਰ ਹਲਕਾ ਜਿਹਾ ਰਿਸਾਵ ਹੋ ਰਿਹਾ ਹੋਵੇ ਤਾਂ ਤੁਹਾਨੂੰ ਕੁਝ ਸਕਿੰਟ ਲਈ ਹਲਕਾ ਜਿਹਾ ਜ਼ੋਰਦਬਾਅ ਪਾਉਣ ਦੀ ਲੋੜ ਹੋ ਸਕਦੀ ਹੈ।

# ਕਦਮ 6: ਟੀਕਾ ਲਗਾਉਣ ਤੋਂ ਬਾਅਦ




- ਹੁਣ ਜਦ ਕਿ ਤੁਸੀਂ ਆਪਣੇ ਟੀਕਾ ਲਗਾਉਣ ਦਾ ਕੰਮ ਪੂਰਾ ਕਰ ਲਿਆ ਹੈ, ਤੁਹਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੋਵੇਗੀ ਕਿ ਤੁਸੀਂ ਆਪਣੀ ਪੂਰੀ ਡੋਜ਼ ਦਾ ਟੀਕਾ ਲਗਾਇਆ ਹੈ। ਡੋਜ਼ ਵਿੰਡੋ 'ਤੇ "0" ਨਜ਼ਰ ਆਉਣਾ ਚਾਹੀਦਾ ਹੈ।
- ਜੇਕਰ ਡਿਸਪਲੇਅ "0" ਨਾਲੋਂ ਇੱਕ ਵੱਡੇ ਅੰਕ ਨੂੰ ਦਿਖਾਉਂਦੀ ਹੈ, ਇਸ ਦਾ ਮਤਲਬ ਹੈ ਕਿ ਪੈੱਨ ਖ਼ਾਲੀ ਹੈ ਅਤੇ ਪੂਰੀ ਤਜਵੀਜ਼ ਕੀਤੀ ਡੋਜ਼ ਨਹੀਂ ਦਿੱਤੀ ਗਈ ਹੈ।
- ਡੋਜ਼ ਡਿਸਪਲੇਅ ਵਿੱਚ ਦਿੱਸਣ ਵਾਲਾ ਖੁੰਝ ਗਈ ਉਹ ਮਾਤਰਾ ਹੈ ਜਿਸ ਨੂੰ ਤੁਹਾਨੂੰ ਇੱਕ ਨਵੇਂ ਪੈੱਨ ਦੀ ਵਰਤੋਂ ਕਰਕੇ ਟੀਕੇ ਰਾਹੀਂ ਲੈਣਾ ਪਏਗਾ। ਜੇਕਰ ਅਜਿਹਾ ਵਾਪਰਦਾ ਹੈ, ਤਾਂ ਇੱਕ ਨਵਾਂ ਪੈੱਨ ਤਿਆਰ ਕਰੋ ਜਿਵੇਂ ਤੁਹਾਡੇ ਡਾਕਟਰ ਜਾਂ ਨਰਸ ਨੇ ਤੁਹਾਨੂੰ ਦੱਸਿਆ ਹੈ, ਅਤੇ ਡੋਜ਼ ਨੂੰ ਖ਼ਾਲੀ ਪੈੱਨ ਦੀ ਡੋਜ਼ ਡਿਸਪਲੇਅ 'ਤੇ ਦਰਸਾਏ ਸਹੀ ਨੰਬਰ 'ਤੇ ਸੈੱਟ ਕਰੋ। ਹੁਣ ਤੁਸੀਂ ਆਪਣੇ ਰੋਜ਼ਾਨਾ ਦੀ ਡੋਜ਼ ਨੂੰ ਪੂਰਾ ਕਰਨ ਲਈ ਤਿਆਰ ਹੋ।
- ਜੇਕਰ ਤੁਸੀਂ ਪਹਿਲੀ ਵਾਰ ਲਈ ਬਿਲਕੁਲ ਨਵੇਂ GONAL-*f* ® ਪੈੱਨ ਦੀ ਵਰਤੋਂ ਕਰ ਰਹੇ ਹੋ ਤਾਂ ਤਰਲ ਦੀਆਂ ਛੋਟੀਆਂ ਬੂੰਦਾਂ ਦੀ ਜਾਂਚ ਕਰਨਾ ਯਕੀਨੀ ਬਣਾਓ।

*ਮਹੱਤਵਪੂਰਨ: ਹਰੇਕ ਟੀਕੇ ਲਈ ਹਮੇਸ਼ਾਂ ਇੱਕ ਨਵੀਂ ਸੂਈ ਦੀ ਵਰਤੋਂ ਕਰਨਾ ਯਕੀਨੀ ਬਣਾਓ।*

**ਹਰੇਕ ਟੀਕੇ ਤੋਂ ਬਾਅਦ ਸੂਈ ਨੂੰ ਕੱਢਣਾ:**

- ਇੱਕ ਸਮਤਲ ਸਤਹ 'ਤੇ ਸੂਈ ਦੀ ਬਾਹਰਲੀ ਕੈਪ ਨੂੰ ਰੱਖੋ।
- ਇੱਕ ਹੱਥ ਨਾਲ GONAL-*f* ® ਪੈੱਨ ਨੂੰ ਚੰਗੀ ਤਰ੍ਹਾਂ ਪਕੜੋ, ਅਤੇ ਸੂਈ ਨੂੰ ਸੂਈ ਦੀ ਬਾਹਰਲੀ ਕੈਪ ਵਿੱਚ ਸਰਕਾਓ। ਧਿਆਨ ਰੱਖੋ ਕਿ ਕਿਤੇ ਤੁਹਾਡੇ ਸੂਈ ਨਾ ਚੁਭ ਜਾਵੇ।
- ਕਿਸੇ ਪੱਕੀ ਸਤਹ 'ਤੇ ਰੱਖਕੇ ਕੈਪ ਲੱਗੀ ਸੂਈ ਨੂੰ ਧੱਕਣਾ ਜਾਰੀ ਰੱਖੋ ਜਦ ਤੱਕ ਤੁਹਾਨੂੰ "ਕਲਿੱਕ" ਦੀ ਆਵਾਜ਼ ਸੁਣਾਈ ਨਹੀਂ ਦਿੰਦੀ।
- ਸੂਈ ਦੀ ਬਾਹਰਲੀ ਕੈਪ ਨੂੰ ਪਕੜੋ ਅਤੇ ਇਸ ਨੂੰ ਘੜੀ ਦੀਆਂ ਸੂਈਆਂ ਦੇ ਉਲਟ ਦਿਸ਼ਾ ਵੱਲ ਘੁੰਮਾ ਕੇ ਸੂਈ ਨੂੰ ਖੋਲ੍ਹੋ। ਵਰਤੀ ਹੋਈ ਸੂਈ ਨੂੰ ਸੁਰੱਖਿਅਤ ਰੂਪ ਵਿੱਚ ਨਸ਼ਟ ਕਰੋ।
- ਕਦੇ ਵੀ ਕਿਸੇ ਵਰਤੀ ਹੋਈ ਸੂਈ ਦੀ ਵਰਤੋਂ ਨਾ ਕਰੋ। ਸੂਈਆਂ ਨੂੰ ਕਦੇ ਵੀ ਸਾਂਝਾ ਨਾ ਕਰੋ।



- ਕਿਰਪਾ ਕਰਕੇ ਨੋਟ ਕਰੋ ਕਿ ਤੁਹਾਡਾ ਕਲੀਨਿਕ ਤੁਹਾਨੂੰ GONAL-*f* ® ਲਈ ਤਿਆਰ ਕੀਤਾ ਗਿਆ ਇੱਕ ਵਿਸ਼ੇਸ਼ ਸ਼ਾਰਪਸ ਕੰਟੇਨਰ (ਤਿੱਖੀਆਂ ਚੀਜ਼ਾਂ ਲਈ ਡੱਬਾ) ਪ੍ਰਦਾਨ ਕਰ ਸਕਦਾ ਹੈ। ਜੇਕਰ ਤੁਸੀਂ ਵਿਸ਼ੇਸ਼ GONAL-*f* ® ਸ਼ਾਰਪਸ ਕੰਟੇਨਰ (ਤਿੱਖੀਆਂ ਚੀਜ਼ਾਂ ਲਈ ਡੱਬਾ) ਪ੍ਰਾਪਤ ਕੀਤਾ ਹੈ, ਤਾਂ ਸੂਈ ਨੂੰ ਖੋਲ੍ਹਣ ਲਈ ਬਕਸੇ ਵਿੱਚ ਦਰਸਾਏ ਗਏ ਸਟੈਪਾਂ (ਕਦਮਾਂ) ਦੀ ਵਰਤੋਂ ਕਰੋ।
- ਪੈੱਨ 'ਤੇ ਦੁਬਾਰਾ ਕੈਪ ਚੜ੍ਹਾਓ ਅਤੇ ਹਿਦਾਇਤ ਅਨੁਸਾਰ ਪੈੱਨ ਨੂੰ ਸਟੋਰ ਕਰੋ।

*ਸਾਵਧਾਨੀ: ਕਦੇ ਵੀ ਸੂਈ ਲਗਾ ਕੇ ਪੈੱਨ ਨੂੰ ਸਟੋਰ ਨਾ ਕਰੋ। ਪੈੱਨ ਕੈਪ ਨੂੰ ਵਾਪਸ ਲਗਾਉਣ ਤੋਂ ਪਹਿਲਾਂ ਹਮੇਸ਼ਾਂ GONAL-f® ਪੈੱਨ ਤੋਂ ਸੂਈ ਨੂੰ ਉਤਾਰੋ।*

GONAL-*f* ® ਬਾਰੇ ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਉਸ ਪੈਕੇਜ 'ਤੇ ਦਿੱਤੀ ਜਾਣਕਾਰੀ ਪੜ੍ਹੋ ਜੋ ਤੁਹਾਡੀ ਦਵਾਈ ਨਾਲ ਆਉਂਦੀ ਹੈ।

# ਅਕਸਰ ਪੁੱਛੇ ਜਾਂਦੇ ਸਵਾਲ

## GONAL-*f* ® ਕੀ ਹੈ?

- GONAL-*f*® ਬਿਨਾਂ ਮੂਤਰ ਪ੍ਰੋਟੀਨਾਂ ਤੋਂ ਫੌਲੀਕਲ-ਸਟਿਮੁਲੇਟਿੰਗ ਹਾਰਮੋਨ (FSH) ਹੁੰਦਾ ਹੈ, ਜਿਹੜਾ ਔਰਤਾਂ ਵਿੱਚ ਓਸਾਇਟ (ਆਂਡੇ) ਦੇ ਵਿਕਾਸ ਨੂੰ ਤੇਜ਼ ਕਰਦਾ ਹੈ। GONAL-*f*® FSH ਦਾ ਉੱਚ ਰੂਪ ਵਿੱਚ ਸ਼ੁੱਧ ਕੀਤਾ ਗਿਆ ਇੱਕ ਪੁਨਰ ਸੰਯੋਜਕ ਰੂਪ ਹੈ, ਜਿਸ ਨੂੰ ਕਲਿਨਿਕਲ ਅਧਿਐਨਾਂ ਵਿੱਚ ਪ੍ਰਮਾਣਿਤ ਪ੍ਰਭਾਵਿਕਤਾ ਅਤੇ ਸੁਰੱਖਿਆ ਨਾਲ ਨਵੀਨਤਮ ਟੈਕਨਾਲੋਜੀ ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਹੈ।
- ਚਮੜੀ ਵਿੱਚ (ਚਮੜੀ ਵਿੱਚ ਲਗਾਉਣ ਵਾਲਾ ਟੀਕਾ) ਅਸਾਨੀ ਨਾਲ ਲਗਾਉਣ ਲਈ, GONAL-*f*® ਨੂੰ ਇੱਕ ਪੈੱਨ ਵਿੱਚ ਤਰਲ ਘੋਲ ਦੇ ਰੂਪ ਵਿੱਚ ਪ੍ਰਦਾਨ ਕੀਤਾ ਜਾਂਦਾ ਹੈ।
- GONAL-*f*® ਦਵਾਈਆਂ ਦੇ ਇੱਕ ਗਰੁੱਪ ਨਾਲ ਸੰਬੰਧ ਰੱਖਦਾ ਹੈ ਜਿਸ ਨੂੰ “ਗੋਨਾਡੋਟ੍ਰੋਪਿਨਜ਼” ਕਿਹਾ ਜਾਂਦਾ ਹੈ।

## GONAL-*f* ® ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ?

- GONAL-*f*® (ਟੀਕੇ ਲਈ ਫੌਲੀਟ੍ਰੋਪਿਨ ਐਲਫ਼ਾ) ਦੀ ਵਿਗਿਆਨਕ ਉਪਕਰਨ ਨਾਲ ਗਰਭਧਾਰਨ (IVF) ਵਰਗੀਆਂ ਸਹਾਇਕ ਪ੍ਰਜਣਨ ਤਕਨਾਲੋਜੀਆਂ (ART) ਨਾਲ ਇਲਾਜ ਕਰਵਾ ਰਹੇ ਮਰੀਜ਼ਾਂ ਵਿੱਚ ਫੌਲੀਕਲਜ਼ ਦੀ ਪਰਿਪੱਕਤਾ ਨੂੰ ਉਤਸ਼ਾਹਤ ਕਰਨ ਲਈ ਕੀਤੀ ਜਾਂਦੀ ਹੈ।
- GONAL-*f*® ਦੀ ਵਰਤੋਂ ਉਨ੍ਹਾਂ ਕੁਝ ਕੁ ਮਰੀਜ਼ਾਂ ਵਿੱਚ ਫੌਲੀਕਲਜ਼ ਦੀ ਪਰਿਪੱਕਤਾ ਨੂੰ ਪ੍ਰੋਤਸਾਹਿਤ ਕਰਨ ਲਈ ਵੀ ਕੀਤੀ ਜਾਂਦੀ ਹੈ ਜਿਨ੍ਹਾਂ ਦਾ ਮਾਹਵਾਰੀ ਚੱਕਰ ਜਾਂ ਤਾਂ ਅਨਿਯਮਿਤ ਹੁੰਦਾ ਹੈ ਜਾਂ ਗੈਰ-ਮੌਜੂਦ ਹੁੰਦਾ ਹੈ। ਦੋਹਾਂ ਮਾਮਲਿਆਂ ਵਿੱਚ, ਇੱਕ ਹੋਰ ਹਾਰਮੋਨ, hCG (ਹਿਊਮੈਨ ਕੋਰੀਓਨਿਕ ਗੋਨਾਡੋਟ੍ਰੋਪਿਨ) ਫੌਲੀਕਲਜ਼ ਦੀ ਪਰਿਪੱਕਤਾ ਨੂੰ ਪੂਰਾ ਕਰਨ ਲਈ ਦਿੱਤਾ ਜਾਂਦਾ ਹੈ।

## GONAL-*f* ® ਦੀ ਵਰਤੋਂ ਕਦੋਂ ਨਹੀਂ ਕੀਤੀ ਜਾਣੀ ਚਾਹੀਦੀ?

GONAL-*f*® ਦੀ ਵਰਤੋਂ **ਨਹੀਂ** ਕੀਤੀ ਜਾਣੀ ਚਾਹੀਦੀ ਜੇਕਰ:

- ਤੁਹਾਡੇ ਵਿੱਚ ਪ੍ਰਾਇਮਰੀ ਅੰਡਕੋਸ਼ ਦੀ ਅਸਫ਼ਲਤਾ ਨੂੰ ਦਰਸਾਉਣ ਵਾਲੇ FSH ਦੇ ਵੱਧ ਪੱਧਰ ਹਨ
- ਤੁਹਾਨੂੰ ਬੇਕਾਬੂ ਥਾਇਰੌਇਡ ਜਾਂ ਐਡਰੀਨਲ ਨਪੁੰਸਕਤਾ ਹੈ
- ਤੁਹਾਨੂੰ FSH ਜਾਂ GONAL-*f*® ਵਿਚਲੇ ਹੋਰ ਅੰਸ਼ਾਂ ਤੋਂ ਐਲਰਜੀ (ਅਤੀਸੰਵੇਦਨਸ਼ੀਲਤਾ) ਹੈ ਜਾਂ ਅਤੀਸੰਵੇਦਨਸ਼ੀਲਤਾ ਦਾ ਇਤਿਹਾਸ ਹੈ
- ਤੁਸੀਂ ਗਰਭਵਤੀ ਹੋ ਜਾਂ ਬੱਚੇ ਨੂੰ ਆਪਣਾ ਦੁੱਧ ਪਿਲਾਉਂਦੇ ਹੋ
- ਤੁਹਾਡੇ ਅੰਡਕੋਸ਼ ਵੱਡੇ ਹੋ ਗਏ ਹਨ ਜਾਂ ਇਹਨਾਂ ਵਿੱਚ ਰਸੌਲੀ ਹੈ ਜਿਸਦਾ ਕਾਰਨ ਪੌਲੀਸਿਸਟਿਕ ਓਵੇਰੀਅਨ ਰੋਗ (PCO) ਨਹੀਂ ਹੈ
- ਤੁਹਾਨੂੰ ਅਗਿਆਤ ਕਾਰਨ ਕਰਕੇ ਯੋਨੀ ਵਿੱਚੋਂ ਖ਼ੂਨ ਨਿਕਲਦਾ ਹੈ
- ਤੁਹਾਨੂੰ ਅੰਡਕੋਸ਼ਾਂ, ਬੱਚੇਦਾਨੀ, ਛਾਤੀ ਜਾਂ ਦਿਮਾਗ਼ ਦੀਆਂ ਰਸੌਲੀਆਂ ਹਨ (ਹਾਇਪੋਥਾਲਾਮੱਸ ਜਾਂ ਪਿਚੂਟਰੀ ਗ੍ਰੰਥੀ)

## ਉਹ ਕਿਹੜੇ ਗੌਣ ਪ੍ਰਭਾਵ ਹੁੰਦੇ ਹਨ ਜਿਨ੍ਹਾਂ ਨੂੰ ਮੈਂ GONAL-*f* ® ਕਾਰਨ ਦੇਖ ਸਕਦਾ ਹਾਂ?

ਆਪਣੇ ਡਾਕਟਰ ਦੀ ਕਰੀਬੀ ਨਿਗਰਾਨੀ ਹੇਠ ਪ੍ਰਜਣਨ ਦਵਾਈਆਂ ਦਾ ਸੇਵਨ ਕਰਨਾ ਸੁਰੱਖਿਅਤ ਹੈ। ਜਿਵੇਂ ਸਾਰੀਆਂ ਦਵਾਈਆਂ ਨਾਲ ਹੁੰਦਾ ਹੈ, ਗੌਣ ਪ੍ਰਭਾਵਾਂ ਦੀ ਸੰਭਾਵਨਾ ਹੁੰਦੀ ਹੈ।

ਕਲਿਨਿਕ ਸੰਬੰਧੀ ਪਰਖਾਂ ਅਤੇ ਪੋਸਟ-ਮਾਰਕਿਟ (ਬਾਜ਼ਾਰ ਤੋਂ ਬਾਅਦ) ਵਿੱਚ ਵਰਤੋਂ ਦੌਰਾਨ GONAL-*f*® ਦੀ ਵਰਤੋਂ ਨਾਲ ਹੇਠਾਂ ਦਿੱਤੇ ਗਏ ਗੌਣ ਪ੍ਰਭਾਵਾਂ ਦੀ ਰਿਪੋਰਟ ਕੀਤੀ ਗਈ ਹੈ:

*ਸਧਾਰਨ ਅਤੇ ਬੇਹੱਦ ਸਧਾਰਨ: 100 ਵਿੱਚੋਂ 1 ਤੋਂ 10 ਵਰਤੋਂਕਾਰਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ*

- ਅੰਡਕੋਸ਼ ਦੀਆਂ ਰਸੌਲੀਆਂ
- ਅੰਡਕੋਸ਼ ਵਿੱਚ ਹਲਕੇ ਤੋਂ ਦਰਮਿਆਨਾ ਵਾਧਾ ਹੋਣਾ
- ਛਾਤੀ ਦੀ ਕੋਮਲਤਾ

- ਹਲਕਾ ਤੋਂ ਦਰਮਿਆਨਾ ਓਵੇਰੀਅਨ ਹਾਈਪਰਸਟਿਮੁਲੇਸ਼ਨ ਸਿੰਡਰੋਮ (OHSS)
- ਟੀਕੇ ਵਾਲੀ ਥਾਂ 'ਤੇ ਹਲਕੀ ਤੋਂ ਗੰਭੀਰ ਪ੍ਰਤਿਕਿਰਿਆ (ਜਿਵੇਂ ਕਿ ਦਰਦ, ਲਾਲੀ, ਨੀਲ ਪੈ ਜਾਣਾ, ਸੋਜ਼ਸ਼ ਅਤੇ/ਜਾਂ ਖੁਜਲੀ)
- ਸਿਰ ਪੀੜ
- ਪੇਟ ਦਰਦ ਜਾਂ ਪੇਟ ਫੁੱਲਣਾ
- ਬਿਮਾਰ ਮਹਿਸੂਸ ਕਰਨਾ (ਜੀਅ ਮਤਲਾਉਣਾ), ਉਲਟੀ ਆਉਣਾ, ਦਸਤ ਲੱਗਣਾ

*ਅਸਧਾਰਨ, ਦੁਰਲੱਭ ਅਤੇ ਬੇਹੱਦ ਦੁਰਲੱਭ: 1,000 ਵਿੱਚੋਂ 1 ਤੋਂ 10 ਵਰਤੋਂਕਾਰਾਂ ਨਾਲੋਂ ਘੱਟ ਨੂੰ ਪ੍ਰਭਾਵਿਤ ਕਰ ਸਕਦਾ ਹੈ*
- ਗੰਭੀਰ OHSS
- ਖ਼ੂਨ ਦੇ ਗੱਤਲੇ (ਥ੍ਰੋਮਬੋਸਿਸ)
- ਸਾਹ ਲੈਣ ਵਿੱਚ ਮੁਸ਼ਕਿਲ ਫੇਫੜਿਆਂ ਦੀ ਤੀਬਰ ਤਕਲੀਫ
- ਦਮੇ ਦਾ ਗੰਭੀਰ ਹੋਣਾ
- ਹਲਕੀਆਂ ਤੋਂ ਗੰਭੀਰ ਐਲਰਜੀ ਵਾਲੀਆਂ ਪ੍ਰਤਿਕਿਰਿਆਵਾਂ (ਅਤਿ-ਸੰਵੇਦਨਸ਼ੀਲਤਾ) ਜਿਵੇਂ ਧੱਫੜ, ਲਾਲ ਚਮੜੀ, ਛਪਾਕੀ, ਮੁਸ਼ਕਿਲ ਨਾਲ ਸਾਹ ਆਉਣ ਦੇ ਨਾਲ ਤੁਹਾਡੇ ਚਿਹਰੇ ਦੀ ਸੋਜ਼ਸ਼ ਹੋ ਸਕਦੀਆਂ ਹਨ। ਇਹ ਪ੍ਰਤਿਕਿਰਿਆਵਾਂ ਕਈ ਵਾਰ ਗੰਭੀਰ ਹੋ ਸਕਦੀਆਂ ਹਨ।

ਤੁਹਾਡੇ ਡਾਕਟਰ ਨੂੰ ਜੋ ਸਭ ਤੋਂ ਵੱਡੀ ਚਿੰਤਾ ਹੋਵੇਗੀ ਉਹ OHSS ਹੈ। OHSS ਦੇ ਵਿਕਸਿਤ ਹੋਣ ਤੋਂ ਬਚਣ ਲਈ, ਤੁਹਾਡਾ ਡਾਕਟਰ GONAL-*f*® ਪ੍ਰਤੀ ਤੁਹਾਡੀ ਪ੍ਰਤਿਕਿਰਿਆ ਨੂੰ ਧਿਆਨ ਨਾਲ ਨਿਰੀਖਣ (ਮਾਨੀਟਰ) ਕਰੇਗਾ। ਅੰਡਕੋਸ਼ ਦਾ ਵੱਡਾ ਹੋਣਾ, ਕਈ ਵਾਰ ਪੇਟ ਦੀ ਫੁਲਾਵਟ ਅਤੇ ਦਰਦ ਨਾਲ ਹੁੰਦਾ ਹੈ, ਇਹ ਗੋਨਾਡੋਟ੍ਰੋਪਿਨਜ਼ ਲੈਣ ਵਾਲੀਆਂ ਲਗਭਗ 20% ਔਰਤਾਂ ਵਿੱਚ ਹੋ ਸਕਦਾ ਹੈ। ਇਹ ਆਮ ਤੌਰ 'ਤੇ ਇਲਾਜ ਨੂੰ ਰੋਕਣ ਨਾਲ ਘੱਟਦਾ ਹੈ ਅਤੇ ਗੰਭੀਰ ਜਾਨਲੇਵਾ ਮਾਮਲੇ ਬਹੁਤ ਘੱਟ ਹੁੰਦੇ ਹਨ।

ਪ੍ਰਜਣਨ ਸੰਬੰਧੀ ਦਵਾਈਆਂ ਨਾਲ ਇਲਾਜ ਅਤੇ ਅੰਡਕੋਸ਼ਾਂ ਦੇ ਕੈਂਸਰ ਵਿਚਕਾਰ ਕਾਰਨਵਾਚਕ ਸੰਬੰਧ ਸਾਬਤ ਨਹੀਂ ਕੀਤਾ ਗਿਆ ਹੈ।

ਕੰਟਰੋਲ ਤਹਿਤ ਕਲੀਨਿਕੀ ਪਰਖਾਂ ਵਿੱਚ ਗੋਨਾਡੋਟ੍ਰੋਪਿਨ ਚਿਕਿਤਸਾ ਦੇ ਨਤੀਜੇ ਵਜੋਂ ਗਰਭਧਾਰਨ ਤੋਂ ਬਾਅਦ ਹੇਠਾਂ ਦਿੱਤੀਆਂ ਡਾਕਟਰੀ ਘਟਨਾਵਾਂ ਦੀ ਰਿਪੋਰਟ ਕੀਤੀ ਗਈ ਹੈ: ਆਪਣੇ ਆਪ ਹੋਣ ਵਾਲਾ ਗਰਭਪਾਤ, ਟਿਊਬਾਂ ਵਿੱਚ ਗਰਭਧਾਰਨ, ਸਮੇਂ ਤੋਂ ਪਹਿਲਾਂ ਪ੍ਰਸੂਤੀ ਪੀੜਾਂ, ਪ੍ਰਸੂਤੀ ਪੀੜਾਂ ਤੋਂ ਬਾਅਦ ਬੁਖ਼ਾਰ ਅਤੇ ਜਨਮਜਾਤ ਵਿਕਾਰ।

ਇਨ੍ਹਾਂ ਵਿੱਚੋਂ ਕਿਸੇ ਵੀ ਘਟਨਾ ਨੂੰ ਦਵਾਈ ਨਾਲ ਸੰਬੰਧਿਤ ਨਹੀਂ ਸਮਝਿਆ ਗਿਆ ਸੀ। ਇਹ ਵਰਤਾਰਾ ਆਮ ਲੋਕਾਂ ਵਿੱਚ ਪਾਏ ਜਾਂਦੇ ਵਰਤਾਰੇ ਤੋਂ ਵੱਡਾ ਨਹੀਂ ਹੈ।

ਇਹ ਗੌਣ ਪ੍ਰਭਾਵਾਂ ਦੀ ਸੰਪੂਰਨ ਸੂਚੀ ਨਹੀਂ ਹੈ। ਜੇਕਰ ਤੁਸੀਂ GONAL-*f*® ਦਾ ਸੇਵਨ ਕਰਨ ਵੇਲੇ ਕੋਈ ਵੀ ਅਸਧਾਰਨ ਲੱਛਣ ਜਾਂ ਗੌਣ ਪ੍ਰਭਾਵਾਂ ਨੂੰ ਮਹਿਸੂਸ ਕਰਦੇ ਹੋ, ਤਾਂ ਤੁਹਾਨੂੰ ਫੌਰਨ ਆਪਣੇ ਡਾਕਟਰ ਜਾਂ ਫਾਰਮਾਸਿਸਟ ਨੂੰ ਰਿਪੋਰਟ ਕਰਨੀ ਚਾਹੀਦੀ ਹੈ। ਆਪਣਾ ਇਲਾਜ ਸ਼ੁਰੂ ਕਰਵਾਉਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਕਿਸੇ ਵੀ ਗੌਣ ਪ੍ਰਭਾਵ ਦੀ ਸੰਭਾਵਨਾ ਬਾਰੇ ਚਰਚਾ ਕਰਨਾ ਵੀ ਸਹੀ ਹੈ।

## ਇਸ ਦਵਾਈ ਨਾਲ ਕਿਹੜੇ ਪਰਸਪਰ ਪ੍ਰਭਾਵ ਹੁੰਦੇ ਹਨ?

- ਅੰਡ ਉਤਸਰਜਨ ਨੂੰ ਉਤਸ਼ਾਹਤ ਕਰਨ ਲਈ ਆਮ ਤੌਰ 'ਤੇ ਦੂਜੀਆਂ ਦਵਾਈਆਂ ਨਾਲ GONAL-*f*® ਦਿੱਤਾ ਜਾਂਦਾ ਹੈ (ਜਿਵੇਂ ਕਿ, hCG ਅਤੇ ਲਿਉਟਨਕਾਰੀ ਹਾਰਮੋਨ [LH]) ਜਿਹੜਾ ਫੌਲੀਕਲਜ਼ ਦੀ ਪਰਿਪੱਕਤਾ ਵਿੱਚ ਮਦਦ ਕਰ ਸਕਦਾ ਹੈ, ਜਿਨ੍ਹਾਂ ਵਿੱਚ ਆਂਡੇ ਹੁੰਦੇ ਹਨ। ਜੇਕਰ ਤੁਹਾਡੇ ਇਲਾਜ ਦੀ ਪ੍ਰਕਿਰਿਆ ਵਿੱਚ ਤੁਹਾਡੇ GONAL-*f*® ਨਾਲ GnRH ਐਗੋਨਿਸਟ ਜਾਂ ਐਂਟੈਗੋਨਿਸਟ (ਵਿਰੋਧੀ) ਦਵਾਈ ਦਿੱਤੀ ਜਾਂਦੀ ਹੈ, ਤਾਂ ਤੁਹਾਡੇ ਇਲਾਜ ਦੀ ਮਿਆਦ ਦੌਰਾਨ ਤੁਹਾਡੇ ਡਾਕਟਰ ਵੱਲੋਂ ਤੁਹਾਨੂੰ ਆਪਣੀ GONAL-*f*® ਦੀ ਡੋਜ਼ ਨੂੰ ਬਦਲਣ ਲਈ ਕਿਹਾ ਜਾ ਸਕਦਾ ਹੈ।
- ਦੂਜੀਆਂ ਦਵਾਈਆਂ ਨਾਲ ਕਿਸੇ ਹੋਰ ਜਿਕਰਯੋਗ ਪਰਸਪਰ ਪ੍ਰਭਾਵਾਂ ਦੀ ਰਿਪੋਰਟ ਨਹੀਂ ਕੀਤੀ ਗਈ ਹੈ।

## ਇਸਦੀ ਸਿਫਾਰਸ਼ ਕੀਤੀ ਡੋਜ਼ ਕਿੰਨੀ ਹੈ?

- ਹਰੇਕ ਇਲਾਜ ਵਿਅਕਤੀਗਤ ਬਣਾਇਆ ਜਾਂਦਾ ਹੈ। ਤੁਹਾਡੇ ਡਾਕਟਰ ਵੱਲੋਂ ਤੁਹਾਡੇ ਇਲਾਜ ਨੂੰ ਸਾਵਧਾਨੀ ਨਾਲ ਤਿਆਰ ਕੀਤਾ ਗਿਆ ਹੈ। ਤੁਹਾਡੇ ਇਲਾਜ ਦੀ ਪ੍ਰਕਿਰਿਆ ਦੌਰਾਨ, ਤੁਹਾਡੀ ਵਿਸ਼ੇਸ਼ ਡਾਕਟਰੀ ਹਾਲਤ ਅਤੇ ਦਵਾਈ ਪ੍ਰਤੀ ਤੁਹਾਡੀ ਪ੍ਰਤਿਕਿਰਿਆ ਦੇ ਆਧਾਰ 'ਤੇ ਡੋਜ਼ਾਂ 75 ਤੋਂ 450 IU ਵਿਚਕਾਰ ਹੋ ਸਕਦੀਆਂ ਹਨ।

## ਜੇਕਰ ਮੈਂ ਕੋਈ ਡੋਜ਼ ਛੱਡ ਦਿੰਦੀ ਹਾਂ ਜਾਂ ਵੱਧ ਡੋਜ਼ ਲੈ ਲੈਂਦੀ ਹਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

- ਖੁੰਝੀ ਹੋਈ ਡੋਜ਼: ਜੇਕਰ ਤੁਸੀਂ ਕੋਈ ਡੋਜ਼ ਛੱਡ ਦਿੱਤੀ ਹੈ ਤਾਂ ਉਸ ਦੀ ਪੂਰਤੀ ਕਰਨ ਲਈ ਡਬਲ ਡੋਜ਼ ਨਾ ਲਓ। ਜੇਕਰ ਤੁਸੀਂ GONAL-*f* ® ਦੀ ਕੋਈ ਡੋਜ਼ ਲੈਣਾ ਭੁੱਲ ਜਾਂਦੇ ਹੋ ਤਾਂ ਸਲਾਹ ਲੈਣ ਲਈ ਆਪਣੇ ਡਾਕਟਰ ਨਾਲ ਸੰਪਰਕ ਕਰੋ।
- ਵਾਧੂ ਡੋਜ਼: ਜੇਕਰ ਤੁਸੀਂ ਗ਼ਲਤੀ ਨਾਲ GONAL-*f* ® ਦੀ ਬਹੁਤ ਜ਼ਿਆਦਾ ਮਾਤਰਾ ਟੀਕੇ ਰਾਹੀਂ ਲੈ ਲਈ ਹੈ, ਤਾਂ ਚਿੰਤਾ ਨਾ ਕਰੋ। ਹੋਰ ਨਿਰਦੇਸ਼ਾਂ ਲਈ ਆਪਣੇ ਚਿਕਿਤਸਕ ਜਾਂ ਸਿਹਤ-ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।

**<u>ਮਹੱਤਵਪੂਰਨ</u>: ਵੱਧ ਤੋਂ ਵੱਧ ਡੋਜ਼ ਜਿਸ ਨੂੰ ਡਾਇਲ ਕੀਤਾ ਜਾ ਸਕਦਾ ਹੈ ਉਹ 900 ਅਤੇ 450 IU ਪੈੱਨ ਲਈ 450 IU ਅਤੇ 300 IU ਪੈੱਨ ਲਈ 300 IU ਹੈ।**

## ਮੈਨੂੰ ਘਰ ਵਿੱਚ GONAL-*f* ® ਪੈੱਨ ਨੂੰ ਕਿਵੇਂ ਸਟੋਰ ਕਰਨਾ ਚਾਹੀਦਾ ਹੈ?

- 2-8°C (ਇੱਕ ਫਰਿੱਜ ਵਿੱਚ) ਜਾਂ ਵੱਧ ਤੋਂ ਵੱਧ 3 ਮਹੀਨਿਆਂ ਦੀ ਇੱਕ-ਮੁਸ਼ਤ ਮਿਆਦ ਲਈ 2 ਅਤੇ 25°C (ਫਰਿੱਜ ਵਿੱਚ ਜਾਂ ਕਮਰੇ ਦੇ ਤਾਪਮਾਨ 'ਤੇ) ਵਿਚਕਾਰ ਸਟੋਰ ਕਰੋ।
- ਪਹਿਲੀ ਵਰਤੋਂ ਦੇ ਬਾਅਦ, ਪੈੱਨ ਨੂੰ ਵੱਧ ਤੋਂ ਵੱਧ 28 ਦਿਨਾਂ ਲਈ 25°C (ਕਮਰੇ ਦੇ ਤਾਪਮਾਨ) 'ਤੇ ਸਟੋਰ ਕੀਤਾ ਜਾ ਸਕਦਾ ਹੈ।
- GONAL-*f* ® ਪੈੱਨ ਦੀ ਵਰਤੋਂ ਨਾ ਕਰੋ ਜੇਕਰ ਘੋਲ ਵਿੱਚ ਕਣ ਹੋਣ ਜਾਂ ਇਹ ਸਾਫ਼ ਨਾ ਹੋਵੇ।
- ਫ੍ਰੀਜ਼ਰ ਵਿੱਚ ਨਾ ਰੱਖੋ।
- GONAL-*f* ® ਪੈੱਨ ਨੂੰ ਰੋਸ਼ਨੀ ਤੋਂ ਸੁਰੱਖਿਅਤ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਇੱਕ ਸੁਰੱਖਿਅਤ ਸਥਾਨ 'ਤੇ ਰੱਖੋ।
- ਮਿਆਦ ਖਤਮ ਹੋਣ ਦੀ ਮਿਤੀ ਤੋਂ ਬਾਅਦ ਵਰਤੋਂ ਨਾ ਕਰੋ।

## ਜਦੋਂ ਡੋਜ਼ ਦੇਣ ਲਈ ਮੈਂ ਇੰਜੈਕਸ਼ਨ ਦੇ ਬਟਨ ਨੂੰ ਦਬਾ ਨਾ ਸਕਦੀ ਹੋਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

- ਜਦੋਂ ਤੁਸੀਂ ਇੰਜੈਕਸ਼ਨ ਦੇ ਬਟਨ ਨੂੰ ਹੇਠਾਂ ਨਾ ਦਬਾ ਸਕਦੇ ਹੋਵੋ, ਇਸਦਾ ਮਤਲਬ ਇਹ ਹੈ ਕਿ ਤੁਹਾਡਾ ਪੈੱਨ ਖ਼ਾਲੀ ਹੈ ਅਤੇ ਤੁਹਾਨੂੰ ਤੁਹਾਡੀ ਲੋੜੀਂਦੀ ਡੋਜ਼ ਪ੍ਰਦਾਨ ਕਰਨ ਦੇ ਅਸਮਰੱਥ ਹੁੰਦਾ ਹੈ। ਤੁਸੀਂ ਪੈੱਨ ਵਿੱਚ ਬਚੀ ਹੋਈ ਦਵਾਈ ਦੀ ਥੋੜ੍ਹੀ ਜਿਹੀ ਮਾਤਰਾ ਨੂੰ ਅਜੇ ਵੀ ਦੇਖ ਸਕਦੇ ਹੋ। ਇਹ ਇੱਕ ਆਮ ਗੱਲ ਹੈ।

## ਜੇਕਰ ਮੇਰੀ ਤਜਵੀਜ਼ ਕੀਤੀ ਡੋਜ਼ ਲਈ ਪੈੱਨ ਵਿੱਚ ਬੱਚਦੀ GONAL-*f* ® ਕਾਫ਼ੀ ਨਾ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

- ਜੇਕਰ ਡੋਜ਼ ਡਿਸਪਲੇਅ ਤੁਹਾਡੇ ਇੰਜੈਕਸ਼ਨ ਤੋਂ ਬਾਅਦ "0" ਤੋਂ ਵੱਧ ਸੰਖਿਆ ਦਿਖਾਉਂਦੀ ਹੋਵੇ, ਤਾਂ ਇਹ ਦਰਸਾਉਂਦਾ ਹੈ ਕਿ ਪੈੱਨ ਖ਼ਾਲੀ ਹੈ ਅਤੇ ਇਹ ਕਿ ਪੂਰੀ ਡੋਜ਼ ਨਹੀਂ ਦਿੱਤੀ ਗਈ ਹੈ। ਜੇਕਰ ਇਹ ਵਾਪਰਦਾ ਹੈ, ਤਾਂ ਡੋਜ਼ ਡਿਸਪਲੇਅ ਵਿੱਚ ਨਜ਼ਰ ਆਉਣ ਵਾਲੀ ਸੰਖਿਆ GONAL-*f* ® ਦੇ ਘੋਲ ਦੀ ਨਾ ਦਿੱਤੀ ਗਈ ਮਾਤਰਾ ਨੂੰ ਦਰਸਾਉਂਦੀ ਹੈ ਜੋ ਤੁਹਾਡੀ ਡੋਜ਼ ਨੂੰ ਪੂਰਾ ਕਰਨ ਲਈ ਲੋੜੀਂਦੀ ਹੁੰਦੀ ਹੈ। ਇਹ ਉਹ ਡੋਜ਼ ਹੈ ਜਿਸਦੀ ਤੁਹਾਨੂੰ ਇੱਕ ਨਵੇਂ ਪੈੱਨ ਦੀ ਵਰਤੋਂ ਕਰਕੇ ਟੀਕੇ ਰਾਹੀਂ ਲੈਣ ਦੀ ਲੋੜ ਹੈ।
- ਆਪਣੀ ਡੋਜ਼ ਨੂੰ ਪੂਰਾ ਕਰਨ ਲਈ, ਤੁਹਾਡੇ ਵੱਲੋਂ ਹੁਣੇ-ਹੁਣੇ ਖਤਮ ਕੀਤੇ ਗਏ ਖਾਲੀ ਪੈੱਨ ਉੱਤੇ ਡਿਸਪਲੇ ਕੀਤੀ ਗਈ ਖੁੰਝ ਗਈ ਮਾਤਰਾ ਜਿੰਨੀ ਡੋਜ਼ ਸੈੱਟ ਕਰਨ ਦੇ ਵਾਸਤੇ ਪਿਛਲੇ ਸਫ਼ਿਆਂ ਵਿੱਚ ਦਰਸਾਏ ਗਏ ਸਟੈਪਾਂ ਨੂੰ ਪੂਰਾ ਕਰੋ, ਅਤੇ ਟੀਕਾ ਲਗਾਓ।

## ਜੇ ਮੈਂ ਗਲਤ ਡੋਜ਼ ਡਾਇਲ ਕਰ ਲੈਂਦੀ ਹਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

- ਜੇਕਰ ਤੁਸੀਂ ਆਪਣੀ ਡੋਜ਼ ਤੋਂ ਅੱਗੇ ਨਿਕਲ ਜਾਂਦੇ ਹੋ, ਤਾਂ ਇੰਜੈਕਸ਼ਨ ਬਟਨ ਨੂੰ ਘੁੰਮਾਕੇ ਵਾਪਸ ਸਹੀ ਡੋਜ਼ 'ਤੇ ਲੈਕੇ ਆਓ। ਡੋਜ਼ ਵਿੱਚ ਵਾਧ-ਘਾਟ ਕਰਨ ਲਈ, ਤੁਸੀਂ ਇੰਜੈਕਸ਼ਨ ਦੇ ਬਟਨ ਨੂੰ ਘੜੀ ਦੀ ਸੂਈ ਦੀ ਦਿਸ਼ਾ ਵੱਲ (ਕਲੌਕਵਾਈਜ਼) ਜਾਂ ਘੜੀ ਦੀਆਂ ਸੂਈਆਂ ਦੇ ਉਲਟ ਦਿਸ਼ਾ ਵੱਲ (ਕਾਊਂਟਰ ਕਲੌਕਵਾਈਜ਼) ਘੁੰਮਾ ਸਕਦੇ ਹੋ। ਡਿਸਪਲੇਅ ਵਿੰਡੋ ਤੋਂ ਸਹੀ ਡੋਜ਼ ਦੀ ਪੁਸ਼ਟੀ ਕਰਨ ਤੋਂ ਬਾਅਦ, ਤੁਸੀਂ ਟੀਕਾ ਲਗਾ ਸਕਦੇ ਹੋ।

# ਸਹਾਇਤਾ ਲੱਭ ਰਹੇ ਹੋ? ਤੁਸੀਂ ਇਕੱਲੇ ਨਹੀਂ ਹੋ।

momentum

*MOMENTUM* ਇੱਕ ਮੁਫ਼ਤ ਅਤੇ ਗੁਪਤ ਮਰੀਜ਼ ਸੇਵਾਵਾਂ ਪ੍ਰੋਗਰਾਮ ਹੈ ਜੋ ਟੀਕੇ ਵਿੱਚ ਸਹਾਇਤਾ ਸਮੇਤ ਵਿਸ਼ੇਸ਼-ਵਿਉਂਤਬੱਧ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ - ਜੋ EMD ਸੈਰੋਨੋ ਪ੍ਰਜਣਨ ਉਤਪਾਦਾਂ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਲਈ ਉਪਲਬਧ ਹੈ।

*MOMENTUM* ਨਾਲ ਸੰਪਰਕ ਕਰੋ:

**1-800-387-8479**

**fertility.mymomentum.ca**

ਸੋਮਵਾਰ ਤੋਂ ਲੈਕੇ ਸ਼ੁੱਕਰਵਾਰ ਤੱਕ, ਸਵੇਰੇ 8:00 ਵਜੇ ਤੋਂ ਸ਼ਾਮ 8:00 ਵਜੇ (ਈਸਟਰਨ ਸਮਾਂ) ਵਿਚਕਾਰ *MOMENTUM* ਨੂੰ ਕਾਲ ਕਰੋ। *MOMENTUM* ਉਹਨਾਂ ਜ਼ਰੂਰੀ ਪੁੱਛਗਿੱਛਾਂ ਲਈ ਦਿਨ ਵਿੱਚ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ ਜਿੰਨ੍ਹਾਂ ਲਈ ਅਗਲੇ ਕਾਰੋਬਾਰੀ ਦਿਨ ਤੱਕ ਇੰਤਜ਼ਾਰ ਨਾ ਕੀਤਾ ਜਾ ਸਕਦਾ ਹੋਵੇ। ਸਿਰਫ਼ ਆਪਣਾ ਨਾਮ, ਕਾਲ ਕਰਨ ਦਾ ਕਾਰਨ, ਅਤੇ ਫ਼ੋਨ ਨੰਬਰ ਦਿਓ, ਅਤੇ ਇੱਕ ਰਜਿਸਟਰਡ ਨਰਸ ਤੁਹਾਨੂੰ ਸਮੇਂ ਸਿਰ ਵਾਪਸੀ ਕਾਲ ਕਰੇਗੀ।

*MOMENTUM* ਵਿਅਕਤੀਗਤ ਤਸ਼ਖੀਸ ਜਾਂ ਇਲਾਜ ਦੇ ਸਵਾਲਾਂ, ਜਾਂ ਪ੍ਰਯੋਗਸ਼ਾਲਾ ਦੇ ਨਤੀਜਿਆਂ 'ਤੇ ਟਿੱਪਣੀ ਨਹੀਂ ਕਰੇਗਾ। ਤੁਹਾਨੂੰ ਉਨ੍ਹਾਂ ਬਾਰੇ ਆਪਣੇ ਸਿਹਤ-ਸੰਭਾਲ ਪ੍ਰਦਾਨਕ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ। *MOMENTUM* EMD ਸੈਰੋਨੋ, ਕੈਨੇਡਾ ਰਾਹੀਂ ਪ੍ਰਾਯੋਜਿਤ ਵਿੱਦਿਅਕ ਸਹਾਇਤਾ ਦਾ ਇੱਕ ਸ੍ਰੋਤ ਹੈ ਅਤੇ ਇਸ ਦਾ ਇਰਾਦਾ ਤੁਹਾਡੇ ਸਿਹਤ-ਸੰਭਾਲ ਪ੍ਰਦਾਨਕ ਨਾਲ ਸਲਾਹ-ਮਸ਼ਵਰਿਆਂ ਦੀ ਥਾਂ ਲੈਣਾ ਨਹੀਂ ਹੈ।

GONAL-f®

ਹਵਾਲਾ: GONAL-*f*® ਉਤਪਾਦ ਮੋਨੋਗਰਾਫ਼। EMD ਸੈਰੋਨੋ, ਮਈ 1, 2017।

ਇਸ GONAL-*f*® ਪੈੱਨ ਇੰਜੈਕਸ਼ਨ ਗਾਈਡ ਦਾ PAAB ਵੱਲੋਂ ਮੰਜ਼ੂਰਸ਼ੁਦਾ APS ਤੋਂ ਲਫ਼ਜ਼-ਬ-ਲਫ਼ਜ਼ ਅਨੁਵਾਦ ਕੀਤਾ ਗਿਆ ਸੀ।

® Merck KGaA, ਡਾਰਮਸਟੈਟ, ਜਰਮਨੀ
GONAL-*f*®, Merck KGaA, ਡਾਰਮਸਟੈਟ, ਜਰਮਨੀ ਦਾ ਇੱਕ ਰਜਿਸਟਰਡ ਟ੍ਰੇਡਮਾਰਕ ਹੈ

ਦਰਾਮਦਕਾਰ ਅਤੇ ਵਿਤਰਕ: EMD ਸੈਰੋਨੋ, EMD Inc., ਕੈਨੇਡਾ ਦੀ ਇਕ ਡਿਵੀਜ਼ਨ
Merck KGaA, ਡਾਰਮਸਟੈਟ, ਜਰਮਨੀ ਦਾ ਕਾਰੋਬਾਰ
2695 ਨਾਰਥ ਸ਼ੇਰੀਡਨ ਵੇਅ, ਸੂਈਟ 200, ਮਿਸੀਸੌਗਾ, ਓਨਟਾਰੀਓ L5K 2N6 ਕੈਨੇਡਾ

MEMBER OF INNOVATIVE MEDICINES CANADA

CA/GOP/1118/0005

EMD SERONO